# ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ 'ਤੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ
# ਕੰਮਕਾਜੀ ਪਰਿਵਾਰ ਅਤੇ ਵਿਦਿਆਰਥੀ ਵਿੱਤੀ ਸਹਾਇਤਾ ਏਜੰਸੀ

ਕੰਮਕਾਜੀ ਪਰਿਵਾਰ ਅਤੇ ਵਿਦਿਆਰਥੀ ਵਿੱਤੀ ਸਹਾਇਤਾ ਏਜੰਸੀ (Working Family and Student Financial Assistance Agency (WFSFAA)), ਸਟਡੈਂਟ ਫਾਈਨੈਂਸ ਔਫਿਸ (Student Finance Office (SFO)) ਅਤੇ ਕੰਮਕਾਜੀ ਪਰਿਵਾਰ ਭੱਤਾ ਦਫ਼ਤਰ (Working Family Allowance Office (WFAO)) ਦੁਆਰਾ ਦਰਸਾਈ ਗਈ, ਹਾਂਗ ਕਾਂਗ ਵਿੱਚ ਲੋੜਵੰਦ ਪਰਿਵਾਰਾਂ ਨੂੰ ਸਮਰਪਿਤ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ, ਸਿੱਖਿਆ ਪ੍ਰਾਪਤ ਕਰ ਰਹੇ ਬੱਚਿਆਂ ਅਤੇ ਨੌਜਵਾਨਾਂ ਦੀ ਸਹਾਇਤਾ ਅਤੇ ਕਾਰਜਸ਼ੀਲ ਪਰਿਵਾਰਾਂ ਨੂੰ ਕਿਰਿਆਸ਼ੀਲ ਰੁਜ਼ਗਾਰ ਵਿੱਚ ਰਹਿਣ ਲਈ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ।

WFSFAA ਵਿਭਿੰਨ ਜਾਤੀਆਂ ਦੇ ਲੋਕਾਂ ਨੂੰ ਪਹੁੰਚਯੋਗ ਜਾਣਕਾਰੀ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਬਹੁਤ ਮਹੱਤਵ ਦਿੰਦਾ ਹੈ। ਨਸਲੀ ਬਰਾਬਰੀ ਅਤੇ ਵਿਭਿੰਨਤਾ ਵਾਲੇ ਲੋਕਾਂ ਲਈ ਸਾਡੀਆਂ ਸੇਵਾਵਾਂ ਦੀ ਬਰਾਬਰ ਪਹੁੰਚ ਨੂੰ ਉਤਸ਼ਾਹਿਤ ਕਰਨ ਦੇ ਉਪਾਅ ਹੇਠਾਂ ਦਿੱਤੇ ਗਏ ਹਨ।

**ਸੰਬੰਧਿਤ ਸੇਵਾਵਾਂ**

- ਪ੍ਰੀ-ਪ੍ਰਾਇਮਰੀ, ਪ੍ਰਾਇਮਰੀ ਅਤੇ ਸੈਕੰਡਰੀ ਪੱਧਰ 'ਤੇ ਲਾਗੂ ਵੱਖ-ਵੱਖ ਵਿਦਿਆਰਥੀ ਵਿੱਤੀ ਸਹਾਇਤਾ ਸਕੀਮਾਂ ਦੇ ਜ਼ਰੀਏ ਲੋੜਵੰਦ ਪਰਿਵਾਰਾਂ ਦੀ ਸਹਾਇਤਾ ਕਰਨਾ।
- ਸਵੈ-ਨਿਰਭਰਤਾ ਨੂੰ ਉਤਸ਼ਾਹਿਤ ਕਰਨ ਅਤੇ ਕੰਮਕਾਜੀ ਪਰਿਵਾਰ ਭੱਤਾ ਸਕੀਮ[1] (Working Family Allowance (WFA) Scheme) ਦੁਆਰਾ ਪੀੜ੍ਹੀ ਦੇ ਵਿਚਕਾਰ ਗਰੀਬੀ ਨੂੰ ਘੱਟ ਕਰਨ ਲਈ।

**ਮੌਜੂਦਾ ਉਪਾਅ**

**(A) ਵਿੱਤੀ ਸਹਾਇਤਾ ਯੋਜਨਾਵਾਂ ਦਾ ਪ੍ਰਚਾਰ**

- ਪ੍ਰੀ-ਪ੍ਰਾਇਮਰੀ, ਪ੍ਰਾਇਮਰੀ, ਸੈਕੰਡਰੀ ਪੱਧਰ 'ਤੇ ਲਾਗੂ ਵਿਦਿਆਰਥੀਆਂ ਦੀ ਵਿੱਤੀ ਸਹਾਇਤਾ ਯੋਜਨਾਵਾਂ ਬਾਰੇ ਜਾਣਕਾਰੀ ਅਤੇ WFA ਸਕੀਮਾਂ SFO ਅਤੇ WFAO ਦੀਆਂ ਸੰਬੰਧਿਤ ਵੈਬਸਾਈਟਾਂ 'ਤੇ ਚੀਨੀ ਅਤੇ ਅੰਗਰੇਜ਼ੀ ਤੋਂ ਇਲਾਵਾ ਅੱਠ ਭਾਸ਼ਾਵਾਂ[2] ਵਿੱਚ ਪ੍ਰਕਾਸ਼ਿਤ ਹੁੰਦੀਆਂ ਹਨ। ਤੇਜ਼ ਪਹੁੰਚ ਦੀ ਸਹੂਲਤ ਲਈ ਦੋ ਵੈਬਸਾਈਟਾਂ 'ਤੇ "ਭਿੰਨ-ਭਿੰਨ ਬਾਤੀ ਦੇ ਲੋਕਾਂ ਲਈ ਸਹਾਇਤਾ ਸੇਵਾਵਾਂ (Support

[1] ਅਪ੍ਰੈਲ, 2018 ਤੋਂ ਘੱਟ ਆਮਦਨ ਵਾਲੇ ਪਰਿਵਾਰਕ ਭੱਤੇ ਨੂੰ ਕੰਮਕਾਜੀ ਪਰਿਵਾਰ ਭੱਤਾ (WFA) ਸਕੀਮ ਦਾ ਨਾਮ ਦਿੱਤਾ ਗਿਆ ਹੈ।

[2] ਅੱਠ ਭਾਸ਼ਾਵਾਂ ਵਿੱਚ ਬਹਾਸਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਤਾਗਾਲੋਗ, ਥਾਈ ਉਰਦੂ ਅਤੇ ਵਿਯਤਨਾਮੀ ਸ਼ਾਮਲ ਹਨ ।

Services for People of Diverse Race)" 'ਤੇ ਇੱਕ ਛੋਟਾ ਆਈਕਨ ਵੀ ਉਪਲੱਬਧ ਹੈ।

- ਦੇ ਘਰੇਲੂ ਮਾਮਲਿਆਂ ਬਾਰੇ ਪੁੱਛ-ਗਿੱਛ ਕੇਦਰਾ (Home Affairs Enquiry Centres), ਸਮਾਜਿਕ ਕਲਿਆਣ ਵਿਭਾਗ ਦੇ ਜ਼ਿਲ੍ਹਾ ਦਫਤਰਾਂ (District Offices of Social Welfare Department) ਅਤੇ WFSFAA ਦੇ ਪੁੱਛਗਿੱਛ ਕਾਊਂਟਰਾਂ 'ਤੇ ਜਨਤਕ ਲੋਕਾਂ ਲਈ ਚੀਨੀ ਅਤੇ ਅੰਗਰੇਜ਼ੀ ਤੋਂ ਇਲਾਵਾ ਹੋਰ ਅੱਠ ਭਾਸ਼ਾਵਾਂ ਵਿੱਚ ਅਨੁਵਾਦ ਕੀਤੀਆਂ ਯੋਜਨਾਵਾਂ ਲਈ ਪ੍ਰਚਾਰ ਸੰਬੰਧੀ ਪਰਚੇ/ਪੋਸਟਰ ਅਤੇ ਨਮੂਨੇ ਫਾਰਮ ਉਪਲੱਬਧ ਹਨ ਅਤੇ SFO ਦੀ ਵੈਬਸਾਈਟ ਤੋਂ ਵਿਦਿਆਰਥੀਆਂ ਦੀ ਵਿੱਤੀ ਸਹਾਇਤਾ ਸਕੀਮਾਂ ਅਤੇ WFAO ਅਤੇ WFA ਸਕੀਮਾਂ ਲਈ ਡਾਊਨਲੋਡ ਕੀਤੇ ਜਾ ਸਕਦੇ ਹਨ। ਸਿੱਖਿਆ ਬਿਓਰੋ ਦੇ ਖੇਤਰੀ ਸਿੱਖਿਆ ਦਫ਼ਭਰਾਂ (Regional Education Offices of Education Bureau) ਸਿਹਤ ਵਿਭਾਰਾ ਦੇ ਜਣੇਪਾ ਅਤੇ ਬਾਲ ਸਿਹਤ ਕੇਂਟਰਾਂ (Maternal and Child Health Centres of Department of Health) 'ਤੇ ਵਿਦਿਆਰਥੀਆਂ ਦੀ ਵਿੱਤੀ ਸਹਾਇਤਾ ਸਕੀਮਾਂ ਦੇ ਪ੍ਰਚਾਰ ਸੰਬੰਧੀ ਪਰਚੇ ਵੀ ਉਪਲੱਬਧ ਹਨ ਅਤੇ ਸਕੂਲ, ਕਿੰਡਰਗਾਰਟਨ, ਬਾਲ ਦੇਖਭਾਲ ਕੇਂਦਰਾਂ ਅਤੇ ਸਹਾਇਤਾ ਸੇਵਾ ਕੇਂਦਰਾਂ ਰਾਹੀਂ ਵੱਖ-ਵੱਖ ਜਾਤੀਆਂ ਦੇ ਮਾਪਿਆਂ/ਵਿਦਿਆਰਥੀਆਂ ਨੂੰ ਵੰਡੇ ਜਾਂਦੇ ਹਨ, ਜਦੋਂ ਕਿ WFA ਸਕੀਮਾਂ ਕਿਰਤ ਵਿਭਾਗ (Labour Department) ਦੇ ਸਰਵਿਸ ਕਾਊਂਟਰਾਂ 'ਤੇ ਵੀ ਉਪਲੱਬਧ ਹਨ। WFA ਸਕੀਮ ਬਾਰੇ ਜਾਣਕਾਰੀ ਰੇਡੀਓ ਪ੍ਰੋਗਰਾਮਾਂ ਅਤੇ ਅਖਬਾਰਾਂ ਵਿੱਚ ਚੀਨੀ ਅਤੇ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਛਾਪੀ ਗਈ ਹੈ ਤਾਂ ਜੋ ਆਮ ਲੋਕਾਂ ਨੂੰ ਤਰੱਕੀ ਦਿੱਤੀ ਜਾ ਸਕੇ।

- ਇਹ ਗ੍ਰਹਿ ਮਾਮਲਿਆਂ ਦੇ ਵਿਭਾਗ (Home Affairs Department (HAD)) ਦੁਆਰਾ ਛੇ ਹੋਰ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ “ਹਾਂਗਕਾਂਗ ਵਿੱਚ ਸੇਵਾਵਾਂ ਲਈ ਤੁਹਾਡੀ ਗਾਈਡ (Your Guide to Services in Hong Kong)” ਪੁਸਤਿਕਾ ਰਾਹੀਂ ਵਿਭਿੰਨ ਜਾਤੀਆਂ ਦੇ ਲੋਕਾਂ ਨੂੰ ਵਿੱਤੀ ਸਹਾਇਤਾ ਯੋਜਨਾਵਾਂ ਅਤੇ WFA ਸਕੀਮ ਦੀ ਜਾਣਕਾਰੀ ਤੋਂ ਜਾਣੂ ਕਰਵਾਇਆ ਗਿਆ ਹੈ।

- ਸੰਖੇਪ ਦੁਆਰਾ, WFSFAA ਨੇ ਵਿਦਿਆਰਥੀ ਵਿੱਤੀ ਸਹਾਇਤਾ ਦੀਆਂ ਯੋਜਨਾਵਾਂ ਅਤੇ WFA ਸਕੀਮਾਂ ਦੇ ਸੰਖੇਪ ਬਾਰੇ ਵੱਖ-ਵੱਖ ਜਾਤੀਆਂ ਦੇ ਲੋਕਾਂ ਨੂੰ ਜਾਣੂ ਕਰਵਾਇਆ

ਅਤੇ ਬਿਨੈ-ਪੱਤਰ ਕਿਵੇਂ ਪੂਰਾ ਕਰਨਾ ਹੈ ਉਸ ਬਾਰੇ ਦੱਸਿਆ। ਜਦੋਂ ਵੀ ਜ਼ਰੂਰਤ ਪੈਂਦੀ ਹੈ ਉਨ੍ਹਾਂ ਨੂੰ ਸੰਖੇਪ ਦੌਰਾਨ ਦੁਭਾਸ਼ੀਏ ਸੇਵਾਵਾਂ ਉਪਲੱਬਧ ਕਰਵਾਈਆਂ ਜਾਂਦੀਆਂ ਹਨ। WFSFAA ਦੀ ਹਾਟਲਾਈਨ/ਕਾਊਂਟਰ ਸੇਵਾਵਾਂ ਅਤੇ ਅਨੁਵਾਦ ਅਤੇ ਵਿਆਖਿਆ ਸੇਵਾਵਾਂ ਨੂੰ ਵੀ ਵੱਖ-ਵੱਖ ਜਾਤੀਆਂ ਦੇ ਲੋਕਾਂ ਨੂੰ ਸੰਖੇਪ ਵਿੱਚ ਪੇਸ਼ ਕੀਤਾ ਜਾਂਦਾ ਹੈ।

- ਰਹੇ ਘੱਟ ਗਿਣਤੀ ਲੋਕਾਂ ਲਈ ਸਹਾਇਤਾ ਸੇਵਾ ਕੇਂਦਰਾਂ (Support Services Centres for Ethnic Minorities) ਇਹ ਗ੍ਰਹਿ ਮਾਮਲਿਆਂ ਦੇ ਵਿਭਾਗ (HAD) ਖੇਤਰ ਵਿੱਚ ਵਿਆਪਕ ਆਊਟਰੀਚਿੰਗ ਸੇਵਾਵਾਂ ਲਈ ਜਿਸ ਵਿੱਚ ਵਿਸ਼ੇਸ਼ ਪ੍ਰੋਗਰਾਮਾਂ/ਸਮਾਗਮਾਂ ਵਿੱਚ ਸ਼ਮੂਲੀਅਤ ਵੀ ਸ਼ਾਮਿਲ ਹੈ ਜਿਵੇਂ ਕਿ ਵੱਖ-ਵੱਖ ਜਾਤੀ ਦੇ ਲੋਕਾਂ ਲਈ ਨੌਕਰੀ ਮੇਲੇ।

## (B) ਪੁੱਛਗਿੱਛ ਅਤੇ ਅਰਜ਼ੀ ਸੰਬੰਧੀ ਸਹਾਇਤਾ

- ਪੁੱਛਗਿੱਛ ਹੌਟਲਾਈਨ[3] (<2802 2345> SFO ਲਈ ਅਤੇ <2558 3000> WFAO ਲਈ) ਹਾਂਗਕਾਂਗ ਦੀ ਕ੍ਰਿਸ਼ਚਨ ਸੇਵਾਵਾਂ ਅਧੀਨ ਨਸਲੀ ਘੱਟ ਗਿਣਤੀ ਦੇ ਵਸਨੀਕਾਂ ਦੀ ਘੱਟ ਗਿਣਤੀ ਲੋਕਾਂ ਲਈ ਕਦਰ (Centre for Harmony and Enhancement of Ethnic Minority Residents (CHEER)) ਦੀ ਸਹਾਇਤਾ ਲਈ ਵਿਭਿੰਨ ਜਾਤੀ ਦੇ ਪੁੱਛ-ਗਿੱਛ ਕਰਨ ਵਾਲਿਆਂ ਨੂੰ ਟੈਲੀਫੋਨ (Hong Kong Christian Service) ਦੀ ਵਿਆਖਿਆ ਸੇਵਾ ਤੱਕ ਮੁਫਤ ਪਹੁੰਚ ਪ੍ਰਦਾਨ ਕਰਦਾ ਹੈ। CHEER ਵਿਭਿੰਨ ਜਾਤੀ ਦੇ ਲੋਕਾਂ ਨੂੰ ਸਥਾਨ 'ਤੇ ਮੁਫਤ ਵਿਆਖਿਆ ਦੀਆਂ ਸੇਵਾਵਾਂ ਵੀ ਪ੍ਰਦਾਨ ਕਰਦਾ ਹੈ।

- ਰਹੇ ਘੱਟ ਗਿਣਤੀ ਲੋਕਾਂ ਲਈ ਸਹਾਇਤਾ ਸੇਵਾ ਕੇਂਦਰਾਂ (Support Services Centres for Ethnic Minorities) ਇਹ ਗ੍ਰਹਿ ਮਾਮਲਿਆਂ ਦੇ ਵਿਭਾਗ (HAD) ਕੀਤੇ ਗਏ ਵਿੱਤੀ ਸਹਾਇਤਾ ਯੋਜਨਾਵਾਂ ਅਤੇ ਸਹਾਇਤਾ ਸੇਵਾਵਾਂ ਕੇਂਦਰਾਂ ਦੇ ਸੰਬੰਧਿਤ ਸੰਪਰਕ ਨਾਲ ਅੱਠ ਹੋਰ ਭਾਸ਼ਾਵਾਂ ਵਿੱਚ ਜਾਣਕਾਰੀ ਸ਼ੀਟ ਨੂੰ WFSFAA ਦੇ ਕਾਊਂਟਰ 'ਤੇ ਵਿਭਿੰਨ ਜਾਤੀ ਦੇ ਸੈਲਾਨੀਆਂ ਲਈ ਪ੍ਰਦਰਸ਼ਿਤ ਕੀਤਾ

---

[3] ਜਦੋਂ ਵਿਭਿੰਨ ਜਾਤੀ ਦੇ ਲੋਕ ਉਪਰੋਕਤ ਜਾਂਚ ਦੀ ਹਾਟਲਾਈਨ ਨੂੰ ਕਾਲ ਕਰਦੇ ਹਨ ਅਤੇ ਵੌਇਸ ਸਿਸਟਮ ਵਿੱਚ "ਹੋਰ ਭਾਸ਼ਾਵਾਂ" ਦੀ ਚੋਣ ਕਰਦੇ ਹਨ ਜਾਂ, ਸਮੇਂ ਦੀ ਸੀਮਾ ਦੇ ਅੰਦਰ ਕਿਸੇ ਵੀ ਭਾਸ਼ਾ ਦੀ ਚੋਣ ਨਹੀਂ ਕੀਤੀ ਜਾਂਦੀ, ਤਾਂ ਸਮੇਂ ਅਨੁਸਾਰ ਅਤੇ ਸੁਵਿਧਾਜਨਕ ਟੈਲੀਫੋਨ ਵਿਆਖਿਆ ਸੇਵਾ ਮੁਹੱਈਆ ਕਰਾਉਣ ਲਈ ਕਾੱਲ ਨੂੰ CHEER ਦੇ ਕੋਲ ਭੇਜਿਆ ਜਾਵੇਗਾ।

ਜਾਵੇਗਾ ਅਤੇ ਉਹਨਾਂ ਦੇ ਹਵਾਲੇ ਲਈ ਵਿਭਿੰਨ ਜਾਤੀ ਦੇ ਬਿਨੈਕਾਰਾਂ ਤੋਂ ਪੂਰਕ ਜਾਣਕਾਰੀ ਮੰਗਣ ਵਾਲੇ ਪੱਤਰਾਂ ਵਿੱਚ ਵੀ ਸ਼ਾਮਿਲ ਹਨ।

- ਇੱਕ CHEER ਭਾਸ਼ਾ ਸ਼ਨਾਖਤੀ ਕਾਰਡ, ਜੋ ਅੱਠ ਹੋਰ ਭਾਸ਼ਾਵਾਂ ਵਿੱਚ ਵਿਆਖਿਆ ਸੇਵਾਵਾਂ ਲਈ CHEER ਕੇਂਦਰ ਦੀਆਂ ਟੈਲੀਫੋਨ ਵਿਆਖਿਆ ਸੇਵਾਵਾਂ ਹਾਟਲਾਈਨ ਨੰਬਰਾਂ ਨੂੰ ਦਰਸਾਉਂਦਾ ਹੈ, ਕਾਊਂਟਰ 'ਤੇ ਪ੍ਰਦਰਸ਼ਿਤ ਕੀਤਾ ਜਾਂਦਾ ਹੈ ਜੇਕਰ ਵਿਆਖਿਆ ਸੇਵਾ ਦੀ ਜ਼ਰੂਰਤ ਹੋਵੇ ਤਾਂ ਵਿਭਿੰਨ ਜਾਤੀ ਦੇ ਲੋਕਾਂ ਲਈ ਢੁਕਵੇਂ ਪ੍ਰਬੰਧ ਨਾਲ ਸਹੂਲਤ ਦਿੱਤੀ ਜਾਵੇ। ਵਿਭਿੰਨ ਜਾਤੀ ਦੇ ਲੋਕ ਭਾਸ਼ਾ ਪਹਿਚਾਣ ਕਾਰਡ ਵੱਲ ਇਸ਼ਾਰਾ ਕਰਕੇ ਆਪਣੀ ਬੋਲੀ ਨੂੰ ਦਰਸਾ ਸਕਦੇ ਹਨ ਅਤੇ ਸਾਡਾ ਸਟਾਫ ਹਾਟਲਾਈਨ ਨੂੰ ਕਾਲ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ ਤਾਂ ਕਿ ਵੱਖ-ਵੱਖ ਜਾਤੀਆਂ ਵਾਲੇ ਲੋਕ ਸਾਡੇ ਸਟਾਫ ਨਾਲ ਗੱਲਬਾਤ ਕਰ ਸਕਣ।

- WFSFAA ਜਦੋਂ ਵੱਖ-ਵੱਖ ਜਾਤੀਆਂ ਦੇ ਲੋਕਾਂ ਲਈ ਕਾਊਂਟਰਾਂ 'ਤੇ ਸੇਵਾਵਾਂ ਪ੍ਰਦਾਨ ਕਰਨ ਸਮੇਂ ਜਾਂ ਉਨ੍ਹਾਂ ਦੀਆਂ ਅਰਜ਼ੀਆਂ ਤੇ ਕਾਰਵਾਈ ਕਰਨ ਦੇ ਦੌਰਾਨ ਜੇਕਰ ਜ਼ਰੂਰੀ ਹੋਵੇ ਤਾਂ ਵਿਆਖਿਆ ਦਾ ਪ੍ਰਬੰਧ ਕਰੇਗਾ। ਇਸ ਤੋਂ ਇਲਾਵਾ, ਵੱਖ-ਵੱਖ ਸਹਾਇਤਾ ਸੇਵਾ ਕੇਂਦਰਾਂ (ਜਿਵੇਂ ਜਾਤੀ ਦੀ ਘੱਟ ਦੀ ਗਿਣਤੀ ਦੇ ਲੋਕਾਂ ਲਈ CHEER ਕੇਂਦਰ (CHEER Centre), HOME ਕੇਂਦਰ (HOME Centre), HOPE ਕੇਂਦਰ (HOPE Centre), LINK ਕੇਂਦਰ (LINK Centre), TOUCH ਕੇਂਦਰ (TOUCH Centre) ਘਟੱ ਘੱਟ ਜਾਤੀ ਗਿਣਤੀ  ਵਾਲੇ ਲੋਕਾਂ ਲਈ Yuen Long Town Hall ਸਹਾਇਤਾ ਸੇਵਾ ਕੇਂਦਰ  (Yuen Long Town Hall Support Service Centre for Ethnic Minorities)) ਨੂੰ ਵੱਖ-ਵੱਖ ਜਾਤੀਆਂ ਦੇ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ, ਉਨ੍ਹਾਂ ਨੂੰ ਵੱਖ-ਵੱਖ ਸਹਾਇਤਾ ਯੋਜਨਾਵਾਂ ਨਾਲ ਜਾਣੂ ਕਰਵਾਉਣ ਲਈ, ਬਿਨੈ-ਪੱਤਰ ਨੂੰ ਪੂਰਾ ਕਰਨ ਲਈ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਅਤੇ ਉਨ੍ਹਾਂ ਲਈ ਅਨੁਪ੍ਰਯੋਗ ਨਾਲ ਸਬੰਧਤ ਸੰਬੰਧਿਤ ਦਸਤਾਵੇਜ਼ਾਂ ਦਾ ਅਨੁਵਾਦ ਕਰਨ ਲਈ ਸੱਦਾ ਦਿੰਦਾ ਹੈ।

## (C) ਸਟਾਫ ਦੀ ਸਿਖਲਾਈ

- WFSFAA ਸਟਾਫ ਨੂੰ ਨਿਯਮਤ ਸਿਖਲਾਈ ਅਤੇ “ਵੱਖ-ਵੱਖ ਜਾਤੀ ਦੇ ਲੋਕਾਂ ਤੋਂ ਪੁੱਛ-ਗਿੱਛ ਨੂੰ ਸੰਭਾਲਣ ਸੰਬੰਧੀ

ਪ੍ਰਕ੍ਰਿਆ ਲਈ ਗਾਈਡ (Procedural Guide on Handling Enquiry from People of Diverse Race)" ਦੇ ਸੰਦਰਭ ਵਜੋਂ ਵਿਭਿੰਨ ਨਸਲ ਦੇ ਲੋਕਾਂ ਤੋਂ ਪੁੱਛਗਿੱਛ ਨੂੰ ਕਿਵੇਂ ਸੰਭਾਲਣਾ ਹੈ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਸਟਾਫ ਨੂੰ ਹੋਰ ਸੰਬੰਧਿਤ ਸਿਖਲਾਈਆਂ ਵਿੱਚ ਸ਼ਾਮਿਲ ਹੋਣ ਲਈ ਵੀ ਉਤਸ਼ਾਹਿਤ ਕੀਤਾ ਜਾਂਦਾ ਹੈ ਤਾਂ ਜੋ ਵਿਭਿੰਨ ਜਾਤੀ ਦੇ ਬਿਨੈਕਾਰਾਂ ਦੀ ਲੋੜਾਂ, ਸਭਿਆਚਾਰਕ ਅਤੇ ਧਾਰਮਿਕ ਪਿਛੋਕੜ ਦੀ ਉਨ੍ਹਾਂ ਦੀ ਸਮਝ ਵਿੱਚ ਵਾਧਾ ਹੋਵੇ।

- ਸਟਾਫ ਦੇ ਆਸਾਨ ਹਵਾਲੇ ਲਈ ਸੰਬੰਧਿਤ ਦਿਸ਼ਾ-ਨਿਰਦੇਸ਼ਾਂ ਅਤੇ ਸਿਖਲਾਈ ਸਮੱਗਰੀ ਦਾ ਈ-ਸੰਸਕਰਣ ਉਪਲੱਬਧ ਹੈ।

**ਭਵਿੱਖ ਦੇ ਕੰਮ ਦਾ ਮੁਲਾਂਕਣ**

WFSFAA ਜਾਰੀ ਰੱਖੇਗਾ –

- ਨੀਤੀਆਂ ਅਤੇ ਉਪਾਆਂ ਦੇ ਨਿਰਮਾਣ/ਮੁਲਾਂਕਣ ਦੀ ਸਹੂਲਤ ਲਈ ਅਧਿਐਨ ਕਰਨ ਲਈ ਵਿਭਿੰਨ ਜਾਤੀ ਦੇ ਲੋਕਾਂ ਦੁਆਰਾ ਸੇਵਾਵਾਂ ਦੀ ਵਰਤੋਂ ਦਾ ਡੇਟਾ ਅਤੇ ਅੰਕੜੇ ਇਕੱਤਰ ਕਰੇਗਾ।
- ਸਾਡੀ ਸੇਵਾਵਾਂ ਅਤੇ ਸੰਭਾਵਿਤ ਸੁਧਾਰਾਂ ਬਾਰੇ ਕਮਿਊਨਿਟੀਆਂ ਅਤੇ ਵਿਭਿੰਨ ਜਾਤੀ ਦੇ ਸੰਗਠਨ ਤੋਂ ਪ੍ਰਤੀਕ੍ਰਿਆ ਅਤੇ ਵਿਚਾਰਾਂ ਦੀ ਮੰਗ ਕਰਨਾ।
- ਵਿਭਿੰਨ ਜਾਤੀ ਦੇ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਵਿਆਖਿਆ ਸੇਵਾਵਾਂ 'ਤੇ ਪ੍ਰਾਪਤ ਫੀਡਬੈਕ ਦੀ ਨਿਯਮਤ ਤੌਰ 'ਤੇ ਸਮੀਖਿਆ ਕਰੋ ਤਾਂ ਜੋ ਉਨ੍ਹਾਂ ਦੀ ਪ੍ਰਭਾਵਸ਼ੀਲਤਾ ਨੂੰ ਯਕੀਨੀ ਬਣਾਇਆ ਜਾ ਸਕੇ।
- ਹੋਰ ਸੁਧਾਰਾਂ ਲਈ ਸਮੇਂ-ਸਮੇਂ 'ਤੇ ਵੱਖ-ਵੱਖ ਜਾਤੀਆਂ ਦੇ ਲੋਕਾਂ ਲਈ ਸੇਵਾਵਾਂ ਦੀ ਸਮੀਖਿਆ ਕਰੋ।
- ਸਮੀਖਿਆ ਅਤੇ ਸੁਧਾਰਾਂ ਲਈ ਸੰਬੰਧਿਤ ਸਿਖਲਾਈ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਬਾਰੇ ਸਟਾਫ ਤੋਂ ਸੁਝਾਅ ਮੰਗੋ ਅਤੇ ਫੀਡਬੈਕ ਦੀ ਸਮੀਖਿਆ ਕਰੋ।

**ਕੀਤੇ ਗਏ/ ਕੀਤੇ ਜਾਣ ਵਾਲੇ ਵਾਧੂ ਉਪਾਅ**

- ਹੋਰ ਅੱਠ ਭਾਸ਼ਾਵਾਂ ਵਿੱਚ, ਵਿਭਿੰਨ ਜਾਤੀ ਦੇ ਵਧੇਰੇ ਲੋਕਾਂ ਤੋਂ ਅਰਜ਼ੀਆਂ ਦੀ ਸਹੂਲਤ ਲਈ, ਵਿਭਿੰਨ ਸਹਾਇਤਾ ਯੋਜਨਾਵਾਂ ਦੇ ਪ੍ਰਚਾਰ ਸੰਬੰਧੀ ਪਰਚੇ ਅਤੇ ਨਮੂਨੇ ਦੇ ਫਾਰਮ ਪ੍ਰਦਾਨ ਕਰਨ ਲਈ।

- ਉਪਰੋਕਤ ਅੱਠ ਹੋਰ ਭਾਸ਼ਾਵਾਂ ਵਿੱਚ ਨਿੱਜੀ ਜਾਣਕਾਰੀ ਇਕੱਤਰ ਕਰਨ ਦੇ ਬਿਆਨ (Personal Information Collection Statement) ਦਾ ਅਨੁਵਾਦ ਕਰਨਾ ਤਾਂ ਜੋ ਵਿਭਿੰਨ ਜਾਤੀ ਦੇ ਬਿਨੈਕਾਰ ਆਪਣੇ ਨਿੱਜੀ ਡੇਟਾ ਨੂੰ ਇਕੱਤਰ ਕਰਨ ਦੇ ਉਦੇਸ਼ ਨੂੰ, ਅਤੇ ਉਨ੍ਹਾਂ ਦੇ ਨਿੱਜੀ ਡੇਟਾ (ਗੋਪਨੀਯਤਾ) ਆਰਡੀਨੈਂਸ (Personal Data (Privacy) Ordinance) ਦੇ ਤਹਿਤ ਉਨ੍ਹਾਂ ਦੇ ਨਿੱਜੀ ਡੇਟਾ ਤੱਕ ਪਹੁੰਚਣ ਅਤੇ ਉਸ ਨੂੰ ਸਹੀ ਕਰਨ ਦੇ ਅਧਿਕਾਰ ਨੂੰ ਚੰਗੀ ਤਰ੍ਹਾਂ ਸਮਝ ਸਕਣ ਜਦੋਂ ਉਹ ਵਿੱਤੀ ਸਹਾਇਤਾ ਲਈ ਅਰਜ਼ੀ ਦਿੰਦੇ ਹਨ।

ਨਸਲੀ ਬਰਾਬਰੀ ਨੂੰ ਉਤਸ਼ਾਹਿਤ ਕਰਨ ਦੇ ਮੌਜੂਦਾ ਅਤੇ ਯੋਜਨਾਬੱਧ ਉਪਾਆਂ ਦੇ ਬਾਰੇ ਵਿੱਚ ਪੁੱਛਗਿੱਛ ਲਈ, ਕ੍ਰਿਪਾ ਕਰਕੇ ਹੇਠਾਂ ਦਿੱਤੇ ਚੈਨਲਾਂ ਰਾਹੀਂ Miss Serene YEUNG ਦੇ ਮੁੱਖ ਕਾਰਜਕਾਰੀ ਅਧਿਕਾਰੀ (ਤਬਦੀਲੀ ਪ੍ਰਬੰਧਨ) (Chief Executive Officer (Change Management)) WFSFAA ਨਾਲ ਸੰਪਰਕ ਕਰ ਸਕਦੇ ਹਨ -

| | | |
|---|---|---|
| ਟੈਲੀਫੋਨ ਨੰ. | : | 2150 7676 |
| ਫੈਕਸ ਨੰ. | : | 3102 9433 |
| ਈ - ਮੇਲ | : | syyeung@wfsfaa.gov.hk |
| ਡਾਕ ਪਤਾ | : | Room 1008, 10/F, Cheung Sha Wan Government Offices, 303 Cheung Sha Wan Road, Kowloon |

**ਕੰਮਕਾਜੀ ਪਿਰਵਾਰ ਅਤੇ ਵਿਦਿਆਰਥੀ ਵਿੱਤੀ ਸਹਾਇਤਾ ਏਜੰਸੀ**
**ਜੂਨ 2024**